KAISER PERMANENTE®

# ਮੈਡੀਕਲ ਵਿੱਤੀ ਸਹਾਇਤਾ (MFA) ਪ੍ਰੋਗਰਾਮ

ਜੇ ਤੁਹਾਨੂੰ ਉਹਨਾਂ ਸਿਹਤ ਦੇਖਭਾਲ ਸੇਵਾਵਾਂ ਜਾਂ ਤਜਵੀਜ਼ਾਂ ਲਈ ਭੁਗਤਾਨ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਜਿਹੜੀਆਂ ਤੁਸੀਂ Kaiser Permanente ਤੋਂ ਪ੍ਰਾਪਤ ਕੀਤੀਆਂ ਹਨ, ਜਾਂ ਤੁਹਾਨੂੰ ਮਿਲਣ ਲਈ ਨਿਰਧਾਰਿਤ ਕੀਤੀਆਂ ਗਈਆਂ ਹਨ, ਤਾਂ ਇਸ ਸੰਬੰਧੀ ਸਾਡਾ ਮੈਡੀਕਲ ਵਿੱਤੀ ਸਹਾਇਤਾ (MFA) ਪ੍ਰੋਗਰਾਮ ਤੁਹਾਡੀ ਸਹਾਇਤਾ ਕਰ ਸਕਦਾ ਹੈ। ਤੁਸੀਂ ਆਪਣੇ ਟੱਬਰ ਦੀ ਘਰੇਲੂ ਆਮਦਨ ਦੀ ਜਾਣਕਾਰੀ ਸਮੇਤ ਅਰਜ਼ੀ ਭਰਕੇ ਅਤੇ ਜਮ੍ਹਾਂ ਕਰਕੇ ਅਪਲਾਈ ਕਰ ਸਕਦੇ ਹੋ।

## ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ

- ਪ੍ਰੋਗਰਾਮ ਯੋਗਤਾ ਪ੍ਰਾਪਤ ਬਿਨੈਕਾਰਾਂ ਨੂੰ ਉਹਨਾਂ ਦੀਆਂ ਵਿੱਤੀ ਲੋੜਾਂ ਦੇ ਅਧਾਰ 'ਤੇ ਦੇਖਭਾਲ ਲਈ ਭੁਗਤਾਨ ਕਰਨ ਵਿੱਚ ਸਹਾਇਤਾ ਕਰਨ ਲਈ ਅਸਥਾਈ "ਅਵਾਰਡ" ਦੀ ਪੇਸ਼ਕਸ਼ ਕਰਦਾ ਹੈ।
- ਇਹ ਸਾਰੇ Kaiser Permanente ਮਰੀਜ਼ਾਂ ਲਈ ਉਪਲਬਧ ਹੈ, ਭਾਵੇਂ ਤੁਸੀਂ ਮੈਂਬਰ ਹੋ ਜਾਂ ਨਹੀਂ।
- ਜੇ ਅਵਾਰਡ ਦਿੱਤਾ ਜਾਂਦਾ ਹੈ, ਤਾਂ ਪ੍ਰੋਗਰਾਮ ਇੱਕ ਨਿਸ਼ਚਿਤ ਸਮੇਂ ਲਈ Kaiser Permanente ਪ੍ਰਦਾਤਾਵਾਂ ਜਾਂ Kaiser Permanente ਸਹੂਲਤਾਵਾਂ ਤੋਂ ਐਮਰਜੈਂਸੀ/ਜ਼ਰੂਰੀ ਜਾਂ ਮੈਡੀਕਲ ਤੌਰ 'ਤੇ ਲੋੜੀਂਦੀ ਦੇਖਭਾਲ ਨੂੰ ਕਵਰ ਕਰੇਗਾ।
- ਇਹ ਅਵਾਰਡ Kaiser Permanente ਸਹੂਲਤਾਂ ਤੋਂ ਬਾਹਰ ਪ੍ਰਦਾਨ ਕੀਤੀਆਂ ਅਤੇ ਬਿਲ ਕੀਤੀਆਂ ਸਿਹਤ ਦੇਖਭਾਲ ਸੇਵਾਵਾਂ 'ਤੇ ਲਾਗੂ ਨਹੀਂ ਹੁੰਦਾ।

## ਯੋਗ ਕਿਵੇਂ ਹੋਣਾ ਹੈ

**ਯੋਗ ਹੋਣ ਲਈ, ਤੁਹਾਨੂੰ ਹੇਠਾਂ ਦਿੱਤੇ ਮਾਪਦੰਡਾਂ ਵਿੱਚੋਂ ਕਿਸੇ ਇੱਕ ਨੂੰ ਪੂਰਾ ਕਰਨਾ ਲਾਜ਼ਮੀ ਹੈ:**

1. ਤੁਹਾਡੀ ਕੁੱਲ ਪਰਿਵਾਰਿਕ ਆਮਦਨ (ਟੈਕਸ ਅਤੇ ਕਟੌਤੀਆਂ ਤੋਂ ਪਹਿਲਾਂ ਦੀ ਆਮਦਨ) ਫੈਡਰਲ ਗਰੀਬੀ ਪੱਧਰ ਦਾ 300% ਜਾਂ ਘੱਟ ਹੋਵੇ।

**ਜਾਂ**

2. ਐਮਰਜੈਂਸੀ ਜਾਂ ਮੈਡੀਕਲ ਤੌਰ 'ਤੇ ਜ਼ਰੂਰੀ ਦੇਖਭਾਲ, ਦੰਦਾਂ ਦੀ ਦੇਖਭਾਲ, ਅਤੇ 12-ਮਹੀਨਿਆਂ ਦੀ ਮਿਆਦ ਵਿੱਚ ਦਵਾਈਆਂ ਲਈ ਤੁਹਾਡੀ ਜੇਬ ਵਿੱਚੋਂ ਸਿਹਤ ਦੇਖਭਾਲ ਦੇ ਖਰਚੇ ਤੁਹਾਡੇ ਕੁੱਲ ਟੱਬਰ ਦੀ ਆਮਦਨ ਦੇ 10% ਦੇ ਬਰਾਬਰ ਜਾਂ ਵੱਧ ਹੋਣ।
    - ਜੇਬ-ਹੇਣ ਹੋਣ ਵਾਲੇ ਖਰਚਿਆਂ ਵਿੱਚ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਕਟੌਤੀਯੋਗ ਭੁਗਤਾਨ ਸ਼ਾਮਲ ਹੁੰਦੇ ਹਨ।
    - ਜੇਬ ਵਿਚਲੇ ਖਰਚਿਆਂ ਵਿੱਚ ਤੁਹਾਡੇ ਸਿਹਤ ਪਲਾਨ ਲਈ ਕੋਈ ਭੁਗਤਾਨ ਸ਼ਾਮਲ ਨਹੀਂ ਹੁੰਦਾ, ਜਿਵੇਂ ਕਿ ਤੁਹਾਡਾ ਮਹੀਨੇਵਾਰ ਪ੍ਰੀਮੀਅਮ।

**2024 ਫੈਡਰਲ ਗਰੀਬੀ ਬਾਰੇ ਦਿਸ਼ਾ-ਨਿਰਦੇਸ਼ (FPG)**

| ਜੇ ਤੁਹਾਡੇ ਟੱਬਰ/ ਪਰਿਵਾਰ ਦਾ ਆਕਾਰ ਇੰਨਾ ਹੈ: | FPG ਦੇ 200% ਤੱਕ ਜਾਂ ਇਸ ਤੋਂ ਘੱਟ ਦੀ ਕੁੱਲ ਮਹੀਨੇਵਾਰ ਪਰਿਵਾਰਿਕ ਆਮਦਨ ਲਈ 100% ਅਵਾਰਡ | FPG ਦੀ 201% ਅਤੇ 300% ਦੇ ਵਿਚਕਾਰ ਦੀ ਕੁੱਲ ਮਹੀਨੇਵਾਰ ਪਰਿਵਾਰਿਕ ਆਮਦਨ ਲਈ 50% ਅਵਾਰਡ |
|---|---|---|
| 1 | $2,510 ਤੱਕ | $2,511 ਤੋਂ $3,765 |
| 2 | $3,407 ਤੱਕ | $3,408 ਤੋਂ $5,110 |
| 3 | $4,303 ਤੱਕ | $4,304 ਤੋਂ $6,455 |
| 4 | $5,200 ਤੱਕ | $5,201 ਤੋਂ $7,800 |
| 5 | $6,097 ਤੱਕ | $6,098 ਤੋਂ $9,145 |
| 6 | $6,993 ਤੱਕ | $6,994 ਤੋਂ $10,490 |

ਵੱਡੇ ਪਰਿਵਾਰਾਂ ਲਈ ਦਿਸ਼ਾ-ਨਿਰਦੇਸ਼ ਲੱਭਣ ਲਈ aspe.hhs.gov/poverty 'ਤੇ ਜਾਓ।

**ਕੋਈ ਸਵਾਲ ਹਨ?**

MFA ਪ੍ਰੋਗਰਾਮ ਲਈ ਯੋਗਤਾ ਪੂਰੀ ਕਰਨ ਬਾਰੇ ਹੋਰ ਜਾਣਕਾਰੀ ਲਈ, ਜਾਂ ਇਹ ਵੇਖਣ ਲਈ ਕਿ ਇਹ ਕਿਹੜੀਆਂ ਸਿਹਤ ਦੇਖਭਾਲ ਸੇਵਾਵਾਂ ਲਈ ਭੁਗਤਾਨ ਕਰਦਾ ਹੈ kp.org/mfa/mas ਤੇ ਜਾਓ, **1-844-412-0919**, (TTY **711**), 'ਤੇ ਕਾਲ ਕਰੋ ਜਾਂ ਇਸ ਕੋਡ ਨੂੰ ਸਕੈਨ ਕਰੋ।

ਸਿਹਤ ਦੇਖਭਾਲ ਦੇ ਕਵਰੇਜ ਵਿਕਲਪਾਂ ਬਾਰੇ ਹੋਰ ਜਾਣਕਾਰੀ ਲਈ, ਸਾਨੂੰ **1-800-479-5764** (TTY **711**) 'ਤੇ ਕਾਲ ਕਰੋ।

KAISER PERMANENTE®

## ਅਪਲਾਈ ਕਿਵੇਂ ਕਰਨਾ ਹੈ

ਜੇ ਤੁਸੀਂ ਯੋਗਤਾ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋ, ਤਾਂ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਤਰੀਕੇ ਨਾਲ ਅਪਲਾਈ ਕਰ ਸਕਦੇ ਹੋ।

| | |
|---|---|
| ਔਨਲਾਈਨ | • MFA ਅਰਜ਼ੀ ਨੂੰ ਔਨਲਾਈਨ kp.org/mfa/mas 'ਤੇ ਪੂਰਾ ਕਰੋ<br>• ਅਗਲੇ ਪੰਨੇ 'ਤੇ MFA ਅਰਜ਼ੀ ਬਾਰੇ ਸੂਚੀਬੱਧ ਕੀਤੀ ਸਾਰੀ ਜਾਣਕਾਰੀ ਪ੍ਰਦਾਨ ਕਰਨ ਲਈ ਤਿਆਰ ਰਹੋ। |
| ਇਸ ਨੂੰ ਫੈਕਸ ਕਰੋ | • ਅਗਲੇ ਪੰਨੇ 'ਤੇ MFA ਅਰਜ਼ੀ ਨੂੰ ਪੂਰਾ ਕਰੋ।<br>• ਆਪਣੀ ਪੂਰੀ ਕੀਤੀ ਅਰਜ਼ੀ ਨੂੰ **1-855-414-1713** 'ਤੇ ਫੈਕਸ ਕਰੋ। |
| ਇਸ ਨੂੰ ਡਾਕ ਰਾਹੀਂ ਭੇਜੋ | • ਅਗਲੇ ਪੰਨੇ 'ਤੇ MFA ਅਰਜ਼ੀ ਨੂੰ ਪੂਰਾ ਕਰੋ।<br>• ਆਪਣੀ ਪੂਰੀ ਹੋਈ ਅਰਜ਼ੀ ਨੂੰ ਡਾਕ ਰਾਹੀਂ ਇੱਥੇ ਭੇਜੋ:<br>Kaiser Permanente MFA Program<br>2101 East Jefferson Street<br>Rockville, MD 20852 |
| ਇਸ ਨੂੰ ਇੱਥੇ ਦਿਓ | • ਅਗਲੇ ਪੰਨੇ 'ਤੇ MFA ਅਰਜ਼ੀ ਨੂੰ ਪੂਰਾ ਕਰੋ।<br>• ਆਪਣੀ ਪੂਰੀ ਕੀਤੀ ਅਰਜ਼ੀ ਨੂੰ ਕਿਸੇ ਵੀ Kaiser Permanente ਮੈਡੀਕਲ ਕੇਂਦਰ ਵਿਖੇ ਮੈਂਬਰ ਸੇਵਾਵਾਂ ਨੂੰ ਦਿਓ। |

**ਮਹੱਤਵਪੂਰਨ:** ਔਨਲਾਈਨ ਅਰਜ਼ੀ ਦੇਣ ਸਮੇਂ, ਡਾਕ ਜਾਂ ਫੈਕਸ ਦੁਆਰਾ, ਜਾਂ ਆਪ ਜਾ ਕੇ ਆਪਣੀ ਅਰਜ਼ੀ ਦੇਣ ਸਮੇਂ, ਕਿਰਪਾ ਕਰਕੇ ਜਿੰਨੀ ਤੁਸੀਂ ਭਰ ਸਕਦੇ ਹੋ ਅਰਜ਼ੀ ਨੂੰ ਉਨ੍ਹਾਂ ਭਰਨਾ ਯਕੀਨੀ ਬਣਾਓ। ਅਧੂਰੀ ਜਾਣਕਾਰੀ ਤੁਹਾਡੀ ਅਰਜ਼ੀ ਦੀ ਪ੍ਰਕਿਰਿਆ ਵਿੱਚ ਦੇਰੀ ਕਰ ਸਕਦੀ ਹੈ ਅਤੇ ਇਸਦੇ ਨਤੀਜੇ ਵਜੋਂ ਸਹਾਇਤਾ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

## ਕੀ ਸਹਾਇਤਾ ਦੀ ਲੋੜ ਹੈ?

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਡੀ ਅਰਜ਼ੀ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ **1-844-412-0919** (TTY **711**) 'ਤੇ, ਸੋਮਵਾਰ ਤੋਂ ਸ਼ੁਕਰਵਾਰ EST ਸਮਾਂ ਖੇਤਰ ਅਨੁਸਾਰ ਸਵੇਰੇ 9:30 ਵਜੇ ਤੋਂ ਦੁਪਹਿਰ 3:30 ਵਜੇ ਤੱਕ ਕਾਲ ਕਰੋ। ਤੁਸੀਂ ਕਿਸੇ ਵੀ Kaiser Permanente ਸਥਾਨ 'ਤੇ ਮੈਂਬਰ ਸੇਵਾਵਾਂ ਪ੍ਰਤੀਨਿਧੀ ਨਾਲ ਵੀ ਗੱਲ ਕਰ ਸਕਦੇ ਹੋ।

KAISER PERMANENTE®

**ਆਮਦਨ ਦੇ ਸਬੂਤ ਦਾ ਦਸਤਾਵੇਜ਼**

ਆਮਦਨ ਦੀ ਤਸਦੀਕ ਮੈਡੀਕਲ ਵਿੱਤੀ ਸਹਾਇਤਾ ਲਈ ਯੋਗਤਾ ਨਿਰਧਾਰਤ ਕਰਨ ਦਾ ਹਿੱਸਾ ਹੁੰਦੀ ਹੈ। ਤੁਹਾਡੀ ਪੂਰੀ ਕੀਤੀ ਅਰਜ਼ੀ ਦੇ ਨਾਲ ਆਮਦਨ ਦੇ ਸਬੂਤ ਦਾ ਦਸਤਾਵੇਜ਼ ਸ਼ਾਮਲ ਕਰਨਾ ਸਮੀਖਿਆ ਪ੍ਰਕਿਰਿਆ ਦੌਰਾਨ ਤੁਹਾਡੀ ਆਮਦਨੀ ਦੀ ਸਟੀਕਤਾ ਦੀ ਪੁਸ਼ਟੀ ਕਰਨ ਵਿੱਚ ਸਹਾਇਤਾ ਕਰੇਗਾ। ਹੇਠਾਂ ਦਿੱਤੀ ਸਾਰਣੀ ਵਿੱਚ ਤੁਹਾਡੀ ਟੱਬਰ ਦੀ ਆਮਦਨ ਦੇ ਸਰੋਤ(ਤਾਂ) ਦੇ ਅਨੁਸਾਰ ਵਿਕਲਪਿਕ ਦਸਤਾਵੇਜ਼ ਜਮ੍ਹਾਂ ਕਰਨ ਦੀ ਸੂਚੀ ਹੈ।

| ਪਰਿਵਾਰਿਕ ਆਮਦਨ ਦਾ(ਦੇ) ਸ੍ਰੋਤ | ਹੇਠਾਂ ਦਿੱਤਿਆਂ ਵਿੱਚੋਂ ਕੋਈ ਇੱਕ ਪ੍ਰਤੀ ਆਮਦਨ ਸਰੋਤ ਪ੍ਰਦਾਨ ਕਰੋ |
|---|---|
| ਕਾਰੋਬਾਰ/ਕਿਰਾਏ ਤੋਂ ਆਮਦਨ | ਤਾਜ਼ਾ W-2s, 1099 ਸਟੇਟਮੈਂਟ(ਟਾਂ) ਜਾਂ ਟੈਕਸ ਰਿਟਰਨ |
| ਨੌਕਰੀ ਤੋਂ ਆਮਦਨ/ਤਨਖਾਹ | ਤਾਜ਼ਾ ਤਨਖਾਹ ਸਟੱਬਾਂ<br>ਤਾਜ਼ਾ W-2s, 1099 ਸਟੇਟਮੈਂਟ(ਟਾਂ) ਜਾਂ ਟੈਕਸ ਰਿਟਰਨ |
| ਪੈਨਸ਼ਨ/ਰਿਟਾਇਰਮੈਂਟ/ਸਲਾਨਾ ਆਮਦਨ ਪ੍ਰਾਪਤ ਕੀਤੀ | ਤਾਜ਼ਾ ਤਨਖਾਹ ਸਟੱਬਾਂ<br>ਪੈਨਸ਼ਨ/ਰਿਟਾਇਰਮੈਂਟ ਵਿਵਰਣ ਦੀ ਸਟੇਟਮੈਂਟ<br>ਤਾਜ਼ਾ W-2s, 1099 ਸਟੇਟਮੈਂਟ(ਟਾਂ) ਜਾਂ ਟੈਕਸ ਰਿਟਰਨ |
| ਸਵੈ-ਰੁਜ਼ਗਾਰ ਤੋਂ ਆਮਦਨ | ਤਾਜ਼ਾ ਤਨਖਾਹ ਸਟੱਬਾਂ<br>ਤਾਜ਼ਾ W-2s, 1099 ਸਟੇਟਮੈਂਟ(ਟਾਂ) ਜਾਂ ਟੈਕਸ ਰਿਟਰਨ |
| ਸ਼ੋਸ਼ਲ ਸਕਿਓਰਟੀ/ਸਪਲੀਮੈਂਟ ਸਕਿਓਰਟੀ ਆਮਦਨ | ਸ਼ੋਸ਼ਲ ਸਕਿਓਰਟੀ ਪ੍ਰਸ਼ਾਸਨ ਤੋਂ ਲਾਭ ਪ੍ਰਮਾਣੀਕਰਣ ਪੱਤਰ<br>ਸ਼ੋਸ਼ਲ ਸਕਿਓਰਟੀ ਸਟੇਟਮੈਂਟ |
| ਬੇਰੁਜ਼ਗਾਰੀ ਲਾਭ/ਅਪੰਗਤਾ ਆਮਦਨ | ਬੇਰੁਜ਼ਗਾਰੀ/ਅਪੰਗਤਾ ਲਾਭ ਪ੍ਰਮਾਣੀਕਰਣ ਪੱਤਰ<br>ਤਾਜ਼ਾ W-2s, 1099 ਸਟੇਟਮੈਂਟ(ਟਾਂ) ਜਾਂ ਟੈਕਸ ਰਿਟਰਨ |
| ਸਾਬਕਾ ਸੈਨਿਕ ਲਾਭਾਂ ਤੋਂ ਆਮਦਨ | VA ਲਾਭ ਪ੍ਰਮਾਣੀਕਰਣ ਪੱਤਰ<br>ਤਾਜ਼ਾ W-2s, 1099 ਸਟੇਟਮੈਂਟ(ਟਾਂ) ਜਾਂ ਟੈਕਸ ਰਿਟਰਨ |
| ਸਰਕਾਰੀ ਸਹਾਇਤਾ (ਉਦਾਹਰਨ ਲਈ, Medicaid, TANF, SNAP, WIC, ਜਾਂ ਘੱਟ ਆਮਦਨ ਵਾਲੇ ਘਰ) | ਯੋਗਤਾ ਪੱਤਰ ਦੀ ਪ੍ਰਵਾਨਗੀ |
| ਵਿਆਜ ਜਾਂ ਲਾਭਅੰਸ਼ ਆਮਦਨ | ਤਾਜ਼ਾ ਟੈਕਸ ਰਿਟਰਨ |
| ਜੀਵਨ ਸਾਥੀ/ਬੱਚੇ ਦੀ ਸਹਾਇਤਾ ਲਈ ਪ੍ਰਾਪਤ ਭੁਗਤਾਨ | ਬੱਚੇ ਦੀ ਸਹਾਇਤਾ ਜਾਂ ਗੁਜਾਰੇ ਲਈ ਪ੍ਰਾਪਤ ਹੋਈ ਮਹੀਨੇਵਾਰ ਕੁੱਲ ਆਮਦਨ ਨੂੰ ਦਰਸਾਉਂਦਾ ਇੱਕ ਪੱਤਰ |
| ਟੱਬਰ ਦੀ ਕੋਈ ਆਮਦਨ ਨਹੀਂ | ਲਿਖਤੀ ਤਸਦੀਕ/ਵਿਆਖਿਆ |

**ਅਪਲਾਈ ਕਰਨ ਤੋਂ ਬਾਅਦ ਕੀ ਉਮੀਦ ਕੀਤੀ ਜਾਵੇ**

ਤੁਹਾਡੀ ਪੂਰੀ ਕੀਤੀ ਅਰਜ਼ੀ ਦੀ ਸਮੀਖਿਆ ਕਰਨ ਤੋਂ ਬਾਅਦ, ਅਸੀਂ ਤੁਹਾਨੂੰ ਇਸਦੀ ਪ੍ਰਾਪਤੀ ਤੋਂ ਤੀਹ (30) ਦਿਨਾਂ ਦੇ ਅੰਦਰ ਹੇਠਾਂ ਦਿੱਤੇ ਨਤੀਜਿਆਂ ਵਿੱਚੋਂ ਕਿਸੇ ਇੱਕ ਬਾਰੇ ਦੱਸਾਂਗੇ:

- ਜੇ ਤੁਹਾਡੀ ਅਰਜ਼ੀ ਮਨਜ਼ੂਰ ਹੋ ਜਾਂਦੀ ਹੈ, ਤਾਂ ਤੁਹਾਨੂੰ ਤੁਹਾਡੇ ਵਿੱਤੀ ਅਵਾਰਡ ਬਾਰੇ ਸੂਚਿਤ ਕਰਨ ਲਈ ਇੱਕ ਪੱਤਰ ਪ੍ਰਾਪਤ ਹੋਵੇਗਾ।
- ਜੇ ਤੁਹਾਡੀ ਅਰਜ਼ੀ ਅਧੂਰੀ ਹੈ, ਤਾਂ ਤੁਹਾਨੂੰ ਤੁਹਾਡੀ ਅਰਜ਼ੀ 'ਤੇ ਕਾਰਵਾਈ ਕਰਨ ਲਈ ਲੋੜੀਂਦੀ ਜਾਣਕਾਰੀ ਦੀ ਵਿਆਖਿਆ ਕਰਨ ਲਈ ਇੱਕ ਪੱਤਰ ਪ੍ਰਾਪਤ ਹੋਵੇਗਾ। ਤੁਸੀਂ ਜਾਂ ਤਾਂ ਡਾਕ ਰਾਹੀਂ ਜਾਂ ਆਪ ਜਾ ਕੇ ਬੇਨਤੀ ਕੀਤੀ ਜਾਣਕਾਰੀ ਦੇ ਸਕਦੇ ਹੋ; ਇਸ ਵਿੱਚ ਆਮਦਨ ਦਾ ਸਬੂਤ ਜਾਂ ਤੁਹਾਡੇ ਜੇਬ ਵਿੱਚੋਂ ਹੋਏ ਖਰਚਿਆਂ ਦੀਆਂ ਕਾਪੀਆਂ ਸ਼ਾਮਲ ਹੋ ਸਕਦੀਆਂ ਹਨ।
- ਜੇ ਤੁਹਾਡੀ ਅਰਜ਼ੀ ਅਸਵੀਕਾਰ ਹੋ ਜਾਂਦੀ ਹੈ, ਤਾਂ ਤੁਹਾਨੂੰ ਇੱਕ ਪੱਤਰ ਪ੍ਰਾਪਤ ਹੋਵੇਗਾ ਜਿਸ ਵਿੱਚ ਤੁਹਾਨੂੰ ਸੂਚਿਤ ਕੀਤਾ ਜਾਵੇਗਾ ਕਿ ਇਸ ਨੂੰ ਕਿਉਂ ਅਸਵੀਕਾਰ ਕੀਤਾ ਗਿਆ ਹੈ, ਇਸ ਸਥਿਤੀ ਵਿੱਚ ਤੁਸੀਂ ਸਾਡੇ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।

KAISER PERMANENTE®

ਇਹ Kaiser Permanente ਸਹੂਲਤ ਵਿਖੇ
ਮੈਡੀਕਲ ਵਿੱਤੀ ਸਹਾਇਤਾ ਲਈ ਇੱਕ ਅਰਜ਼ੀ ਹੈ।

# ਮੈਡੀਕਲ ਵਿੱਤੀ ਸਹਾਇਤਾ (MFA) ਪ੍ਰੋਗਰਾਮ ਲਈ ਅਰਜ਼ੀ

## ਸੈਕਸ਼ਨ 1: ਮਰੀਜ਼ ਬਾਰੇ ਜਾਣਕਾਰੀ

| | | |
|---|---|---|
| ਨਾਮ | | ਮੈਡੀਕਲ ਰਿਕਾਰਡ ਨੰਬਰ (ਵਿਕਲਪਿਕ) |
| ਜਨਮ ਮਿਤੀ | ਸੋਸ਼ਲ ਸਕਿਓਰਟੀ ਨੰਬਰ (ਵਿਕਲਪਿਕ) ☐ ਮੇਰੇ ਕੋਲ ਸ਼ੋਸ਼ਲ ਸਕਿਓਰਟੀ ਨੰਬਰ ਨਹੀਂ ਹੈ | |
| ਡਾਕ ਪਤਾ (ਗਲੀ) | | |
| ਸ਼ਹਿਰ | ਰਾਜ | ਜ਼ਿਪ ਕੋਡ |
| ਕੀ ਮਰੀਜ਼ ਇਸ ਵੇਲੇ ਬੇਘਰ ਹੈ? ☐ ਹਾਂ ☐ ਨਹੀਂ | ਪ੍ਰਾਇਮਰੀ ਫ਼ੋਨ ਨੰਬਰ | ☐ ਘਰ ☐ ਮੋਬਾਇਲ ☐ ਕੰਮ ☐ ਹੋਰ |

ਕੀ ਮਰੀਜ਼ ਰਾਜ-ਆਧਾਰਿਤ ਸਹਾਇਤਾ ਪ੍ਰੋਗਰਾਮ ਜਿਵੇਂ ਕਿ ਸਪਲੀਮੈਂਟਲ ਨਿਊਟ੍ਰੀਸ਼ਨ ਸਹਾਇਤਾ ਪ੍ਰੋਗਰਾਮ (SNAP), ਲੋੜਵੰਦ ਪਰਿਵਾਰਾਂ ਲਈ ਅਸਥਾਈ ਸਹਾਇਤਾ (TANF), ਔਰਤਾਂ, ਨਵਜਾਤ ਅਤੇ ਬੱਚੇ (WIC), ਘੱਟ ਆਮਦਨ ਵਾਲੇ ਘਰ, ਜਾਂ Medicaid ਵਿੱਚ ਦਾਖਲ ਹੈ?
☐ ਹਾਂ ☐ ਨਹੀਂ

## ਸੈਕਸ਼ਨ 2: ਟੱਬਰ ਦੀ ਜਾਣਕਾਰੀ

**ਟੱਬਰ ਦਾ ਆਕਾਰ:** ਤੁਹਾਡੇ ਘਰ ਵਿੱਚ ਰਹਿਣ ਵਾਲੇ ਟੱਬਰ ਦੇ ਮੈਂਬਰਾਂ ਦੀ ਗਿਣਤੀ (ਤੁਹਾਡੇ ਸਮੇਤ)। ਇਸ ਵਿੱਚ ਇੱਕ ਜੀਵਨ ਸਾਥੀ ਜਾਂ ਯੋਗ ਘਰੇਲੂ ਸਾਥੀ, ਬੱਚੇ, ਇੱਕ ਗੈਰ-ਮਾਪੇ ਵਜੋਂ ਦੇਖਭਾਲ ਕਰਨ ਵਾਲਾ, ਰਿਸ਼ਤੇਦਾਰ, ਆਦਿ ਸ਼ਾਮਲ ਹੋ ਸਕਦੇ ਹਨ। ______

**ਟੱਬਰ ਦੀ ਆਮਦਨ (ਮਹੀਨੇਵਾਰ):** 18 ਸਾਲ ਤੋਂ ਵੱਧ ਉਮਰ ਦੇ ਸਾਰੇ ਟੱਬਰ ਦੇ ਮੈਂਬਰਾਂ ਦੀ ਕੁੱਲ ਆਮਦਨ (ਟੈਕਸ ਅਤੇ ਕਟੌਤੀਆਂ ਹੋਣ ਤੋਂ ਪਹਿਲਾਂ ਦੀ ਆਮਦਨ)। ਲਾਗੂ ਹੋਣ ਵਾਲੀਆਂ ਸਾਰੀਆਂ ਆਮਦਨ ਕਿਸਮਾਂ 'ਤੇ ਨਿਸ਼ਾਨ ਲਗਾਓ:

- ☐ ਕਾਰੋਬਾਰ/ਕਿਰਾਏ ਦੀ ਆਮਦਨ
- ☐ ਨੌਕਰੀ ਤੋਂ ਆਮਦਨ/ਤਨਖਾਹ
- ☐ ਸਾਬਕਾ ਸੈਨਿਕ ਲਾਭਾਂ ਤੋਂ ਆਮਦਨ
- ☐ ਵਿਆਜ ਜਾਂ ਲਾਭਅੰਸ਼ ਆਮਦਨ
- ☐ ਸਵੈ-ਰੁਜ਼ਗਾਰ ਤੋਂ ਆਮਦਨ
- ☐ ਸ਼ੋਸ਼ਲ ਸਕਿਓਰਟੀ/ਸਪਲੀਮੈਂਟਲ ਸਕਿਓਰਟੀ ਆਮਦਨ
- ☐ ਬੇਰੁਜ਼ਗਾਰੀ ਲਾਭ/ਅਪੰਗਤਾ ਆਮਦਨ
- ☐ ਜੀਵਨ ਸਾਥੀ/ਬੱਚੇ ਦੀ ਸਹਾਇਤਾ ਲਈ ਪ੍ਰਾਪਤ ਭੁਗਤਾਨ
- ☐ ਪੈਨਸ਼ਨ/ਰਿਟਾਇਰਮੈਂਟ/ਸਾਲਾਨਾ ਆਮਦਨ ਪ੍ਰਾਪਤ ਕੀਤੀ
- ☐ ਮੇਰੇ ਟੱਬਰ ਵਿੱਚ ਕਮਾਉਣ ਵਾਲਾ ਕੋਈ ਨਹੀਂ ਹੈ ਜਾਂ ਮੈਨੂੰ ਪਿਛਲੇ 2 ਮਹੀਨਿਆਂ ਵਿੱਚ ਕੋਈ ਆਮਦਨ ਪ੍ਰਾਪਤ ਨਹੀਂ ਹੋਈ

ਜੇ ਟੱਬਰ ਦੇ ਸਾਰੇ ਮੈਂਬਰਾਂ ਦੀ ਕੁੱਲ ਸਾਲਾਨਾ ਆਮਦਨ ਜ਼ੀਰੋ ਹੈ, ਤਾਂ ਉੱਪਰ ਅਤੇ ਹੇਠਾਂ ਤਸਦੀਕ ਬਾਕਸ 'ਤੇ ਨਿਸ਼ਾਨ ਲਗਾਓ, ਇੱਕ ਲਿਖਤੀ ਸਪੱਸ਼ਟੀਕਰਨ ਦਿਓ ਕਿ ਕਿਸ ਤਰ੍ਹਾਂ ਟੱਬਰ ਦੇ ਬਾਲਗ ਪਰਿਵਾਰਕ ਮੈਂਬਰ ਆਮਦਨ ਤੋਂ ਬਿਨਾਂ ਤੁਹਾਡੀ ਸਹਾਇਤਾ ਕਰਦੇ ਹਨ, ਜਿਵੇਂ ਕਿ ਭੋਜਨ, ਛੱਤ, ਖਪਤਾਂ ਅਤੇ ਹੋਰ ਲੋੜਾਂ ਸੰਬੰਧੀ।

______

______

______

$ ______

**ਸਿਹਤ ਦੇਖਭਾਲ ਦੀਆਂ ਲਾਗਤਾਂ:** Kaiser Permanente ਜਾਂ ਕਿਸੇ ਹੋਰ ਸਿਹਤ ਦੇਖਭਾਲ ਪ੍ਰਦਾਤਾ ਦੁਆਰਾ ਪ੍ਰਦਾਨ ਕੀਤੀਆਂ ਐਮਰਜੈਂਸੀ ਜਾਂ ਮੈਡੀਕਲ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਲਈ ਤੁਹਾਡੇ ਵੱਲੋਂ 12-ਮਹੀਨਿਆਂ ਦੀ ਮਿਆਦ ਤੋਂ ਵੱਧ ਲਈ ਕੁੱਲ ਜੇਬ ਵਿੱਚੋਂ ਕੀਤੇ ਖਰਚੇ। ਜਿਸ ਵਿੱਚ ਯੋਗ ਮੈਡੀਕਲ, ਫਾਰਮੇਸੀ, ਜਾਂ ਦੰਦਾਂ ਦੀਆਂ ਸੇਵਾਵਾਂ ਲਈ ਸਹਿ-ਭੁਗਤਾਨ, ਜਮ੍ਹਾ ਰਕਮਾਂ, ਸਹਿ-ਬੀਮਾ, ਜਾਂ ਕਟੌਤੀਯੋਗ ਭੁਗਤਾਨ ਸ਼ਾਮਲ ਹੋ ਸਕਦੇ ਹਨ। $ ______

KAISER PERMANENTE®

**ਕਿਰਪਾ ਕਰਕੇ ਮੈਡੀਕਲ ਵਿੱਤੀ ਸਹਾਇਤਾ ਲਈ ਅਪਲਾਈ ਕਰਨ ਵਾਲੇ ਆਪਣੇ ਟੱਬਰ ਦੇ ਸਾਰੇ ਮੈਂਬਰਾਂ ਦੀ ਸੂਚੀ ਬਣਾਓ।**

| **ਨਾਮ** | **ਜਨਮ ਮਿਤੀ** | **ਰਿਸ਼ਤਾ** | **ਮੈਡੀਕਲ ਰਿਕਾਰਡ #** |
|---|---|---|---|
| | | | |
| | | | |
| | | | |
| | | | |
| | | | |

**ਕੀ ਬੀਮਾ-ਰਹਿਤ ਹਨ? Kaiser Permanente ਸਹਾਇਤਾ ਕਰ ਸਕਦਾ ਹੈ।** ਜੇ ਤੁਹਾਡੇ ਕੋਲ ਸਿਹਤ ਦੇਖਭਾਲ ਲਈ ਕਵਰੇਜ ਨਹੀਂ ਹੈ, ਤਾਂ ਅਸੀਂ ਤੁਹਾਡੇ ਵਿਕਲਪਾਂ ਨੂੰ ਸਮਝਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਾਂ। ਇਸ ਬਾਕਸ 'ਤੇ ਨਿਸ਼ਾਨ ਲਗਾਓ ਜੇ ਤੁਸੀਂ ਚਾਹੁੰਦੇ ਹੋ ਕਿ Kaiser Permanente ਤੁਹਾਡੇ ਵਿਕਲਪਾਂ 'ਤੇ ਵਿਚਾਰ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇ ਜਾਂ ਤੁਸੀਂ ਸਾਡਾ ਵਿਚਾਰ ਜਾਣਨ ਲਈ ਸਾਨੂੰ **1-800-479-5764** (TTY **711**) 'ਤੇ ਕਾਲ ਕਰ ਸਕਦੇ ਹੋ।

☐ ਹਾਂ ਮੈਨੂੰ ਸੰਪਰਕ ਕਰੋ

ਮੇਰੇ ਵੱਲੋਂ ਇਹ ਘੋਸ਼ਣਾ ਕੀਤੀ ਜਾਂਦੀ ਹੈ ਕਿ ਇਸ ਅਰਜ਼ੀ ਵਿੱਚ ਉੱਪਰ ਦਿੱਤੀ ਗਈ ਸਾਰੀ ਜਾਣਕਾਰੀ ਸੱਚੀ, ਸਹੀ ਅਤੇ ਹਰ ਪੱਖੋਂ ਮੁਕੰਮਲ ਹੈ। ਮੈਂ ਇਹ ਵੀ ਸਵੀਕਾਰ ਕਰਦਾ ਹਾਂ ਅਤੇ ਸਹਿਮਤ ਹਾਂ ਕਿ ਮੈਂ Kaiser Foundation Health Plan ਅਤੇ ਹਸਪਤਾਲਾਂ (KFH/HP) ਨੂੰ ਮੈਡੀਕਲ ਵਸਤਾਂ ਅਤੇ ਸੇਵਾਵਾਂ ਲਈ Kaiser Foundation Health Plan ਅਤੇ ਹਸਪਤਾਲਾਂ ਨੂੰ ਉਹਨਾਂ ਸਾਰੀਆਂ ਬਕਾਇਆ ਰਕਮਾਂ ਦਾ ਭੁਗਤਾਨ ਕਰਨ ਲਈ ਪਾਬੰਧ ਹਾਂ ਜਿਹੜੀਆਂ ਪ੍ਰੋਗਰਾਮ ਦੇ ਤਹਿਤ ਕਵਰ ਨਹੀਂ ਹਨ ("ਬਾਕੀ ਰਹਿੰਦੀਆਂ ਰਕਮਾਂ")।

**ਨੋਟ:** ਜਦੋਂ ਆਮਦਨ ਦਾ ਸਬੂਤ ਪ੍ਰਦਾਨ ਨਹੀਂ ਕੀਤਾ ਜਾਂਦਾ ਹੈ, ਤਾਂ Kaiser Foundation Health Plan ਅਤੇ ਹਸਪਤਾਲ MFA ਪ੍ਰੋਗਰਾਮ ਸਮੇਤ ਫੈਡਰਲ, ਰਾਜ, ਅਤੇ ਨਿੱਜੀ ਮੈਡੀਕਲ ਪ੍ਰੋਗਰਾਮਾਂ ਲਈ ਯੋਗਤਾ ਨਿਰਧਾਰਤ ਕਰਨ ਲਈ ਉਪਭੋਗਤਾ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ ਅਤੇ ਹੋਰ ਤੀਜੀ-ਧਿਰ ਦੇ ਜਾਣਕਾਰੀ ਸਰੋਤਾਂ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰਨਗੇ।

ਇਸ ਅਰਜੀ ਨੂੰ ਜਮ੍ਹਾਂ ਕਰਕੇ, ਮੈਂ KFH/HP ਨੂੰ ਉਪਭੋਗਤਾ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ ਅਤੇ ਹੋਰ ਤੀਜੀ-ਧਿਰ ਦੇ ਜਾਣਕਾਰੀ ਸਰੋਤਾਂ ਤੋਂ ਜਾਣਕਾਰੀ ਲਈ ਬੇਨਤੀ ਕਰਨ ਦੀ ਇਜਾਜ਼ਤ ਦਿੰਦਾ ਹਾਂ ਤਾਂ ਜੋ ਇਸ ਅਰਜੀ ਵਿੱਚ ਪ੍ਰਦਾਨ ਕੀਤੀ ਗਈ ਹਰ ਉਸ ਜਾਣਕਾਰੀ ਦੀ ਪੁਸ਼ਟੀ ਕੀਤੀ ਜਾ ਸਕੇ ਜੋ ਜ਼ਰੂਰੀ ਸਮਝੀ ਜਾਂਦੀ ਹੈ।

| ਦਸਤਖ਼ਤ | ਮਿਤੀ |
|---|---|
| | |

ਤੁਹਾਡੀ ਅਰਜ਼ੀ 'ਤੇ ਤੁਰੰਤ ਕਾਰਵਾਈ ਕਰਨ ਲਈ ਹਰ ਵਾਜਬ ਕੋਸ਼ਿਸ਼ ਕੀਤੀ ਜਾਵੇਗੀ ਅਤੇ ਇੱਕ ਵਾਰ ਤੁਹਾਡੀ ਅਰਜ਼ੀ ਦੀ ਸਮੀਖਿਆ ਹੋਣ ਤੋਂ ਬਾਅਦ ਤੁਹਾਨੂੰ ਨਤੀਜੇ ਦੀ ਪੁਸ਼ਟੀ ਕਰਨ ਲਈ ਇੱਕ ਪੱਤਰ ਪ੍ਰਾਪਤ ਹੋਵੇਗਾ।

# NOTICE OF LANGUAGE ASSISTANCE SERVICES

**English:** If you need help in your language, language assistance is available at no cost to you, 24 hours a day, 7 days a week (closed holidays). Call our Member Service Contact Center at 1-800-464-4000 (TTY 711) for help or visit any registration desk for more information at any Kaiser Permanente hospital, Monday through Friday, 8 a.m. to 5 p.m. Aids and services for people with disabilities, like documents in braille, large print, audio, and other accessible electronical formats are also available.

**Chinese**：如果您需要使用您的语言获得帮助，我们每周 7 天、每天 24 小时免费提供语言帮助（节假日休息）。请致电 1-800-464-4000 (TTY 711) 联络我们的会员服务联络中心以寻求帮助，或前往任何 Kaiser Permanente 医院的登记台了解更多信息，我们的服务时间为周一至周五上午 8 点至下午 5 点。我们还为残疾人提供辅助工具和服务，例如盲文、大字体、音频和其他无障碍电子格式的文档。

**Spanish:** Si necesita ayuda en su idioma, contamos con asistencia de idiomas sin costo alguno para usted las 24 horas del día, los 7 días de la semana (excepto los días festivos). Comuníquese con nuestra Central de Llamadas de Servicio a los Miembros al 1-800-464-4000 (TTY 711) para obtener ayuda. O visite el mostrador de recepción en cualquier hospital de Kaiser Permanente para obtener más información, de lunes a viernes, de 8 a. m. a 5 p. m. También ofrecemos ayudas y servicios para personas con discapacidades, como documentos en braille, letra grande, audio y otros formatos electrónicos accesibles.